ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਸੁਰਿੰਦਰ ਗੀਤ ਰਚਿਤ ਕਹਾਣੀ ਸੰਗ੍ਰਹਿ 'ਰੰਗਾਂ ਦੀ ਖੇਡ': ਸਰੋਕਾਰਕ ਅਧਿਐਨ



ਡਾ. ਗੁਰਦੀਪ ਸਿੰਘ ਭੁੱਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ।
singhgurdeep641@gmail.com

ਕੈਨੇਡਾ ਵਿੱਚ ਰਚੀ ਜਾ ਰਹੀ ਪਰਵਾਸੀ ਪੰਜਾਬੀ ਕਹਾਣੀ ਦੇ ਨਾਮਵਰ ਕਹਾਣੀਕਾਰਾਂ ਵਿੱਚੋਂ ਸੁਰਿੰਦਰ ਗੀਤ ਵਿਸ਼ੇਸ਼ ਤੌਰ ਤੇ ਗੌਲਣਯੋਗ ਸਾਹਿਤਕਾਰ ਹੈ। ਉਸ ਦੁਆਰਾ ਰਚਿਤ ਪਹਿਲਾ ਕਹਾਣੀ ਸੰਗ੍ਰਹਿ 'ਤੋਹਫ਼ਾ' 2023 ਵਿੱਚ ਅਤੇ ਦੂਜਾ ਮਹੱਤਵਪੂਰਨ ਕਹਾਣੀ ਸੰਗ੍ਰਹਿ 'ਰੰਗਾਂ ਦੀ ਖੇਡ' 2025 ਵਿੱਚ ਪ੍ਰਕਾਸ਼ਿਤ ਹੋਇਆ ਹੈ। ਇਹ ਦੋਨੋਂ ਸੰਗ੍ਰਹਿ ਮਾਨਵਵਾਦੀ ਦ੍ਰਿਸ਼ਟੀ ਤੋਂ ਪੂਰਬੀ ਅਤੇ ਪੱਛਮੀ ਜੀਵਨ ਸ਼ੈਲੀ ਦੀਆਂ ਕਈ ਮਹੀਨ ਪਰਤਾਂ ਨੂੰ ਫਰੋਲਦੇ ਹਨ। ਡਾ. ਸਰਬਜੀਤ ਸਿੰਘ ਅਨੁਸਾਰ, "ਸੁਰਿੰਦਰ ਗੀਤ ਲੰਮੇ ਸਮੇਂ ਤੋਂ ਕੈਨੇਡਾ ਵਰਗੇ ਵਿਕਸਿਤ ਮੁਲਕ ਵਿਚ ਰਹਿੰਦੀ ਹੈ। ਉਹ ਆਪਣੀ ਨੌਕਰੀ ਕਰਕੇ ਪੰਜਾਬੀ ਲੋਕਾਂ ਤੋਂ ਬਿਨਾਂ ਹੋਰਨਾਂ ਲੋਕਾਂ ਦੇ ਸੰਪਰਕ ਸੰਬੰਧਾਂ ਵਿਚ ਰਹਿਣ ਕਰਕੇ ਸੰਘਣੇ ਅਨੁਭਵ ਨਾਲ ਲਬਰੇਜ਼ ਹੈ। ਉਸ ਦੀਆਂ ਕਥਾਵਾਂ ਵਿਚ ਹੋਰਨਾਂ ਭਾਈਚਾਰਿਆਂ ਦੇ ਲੋਕ ਸਹਿਜੇ ਹੀ ਪ੍ਰਵੇਸ਼ ਕਰ ਜਾਂਦੇ ਹਨ। ਇਸ ਨਾਲ ਉਸਦੀ ਕਹਾਣੀ ਵਿਚ ਪੰਜਾਬੀ ਸਮਾਜ ਨਾਲੋਂ ਵਧੇਰੇ ਕੈਨੇਡੀਅਨ ਸਮਾਜ ਪੇਸ਼ ਹੁੰਦਾ ਹੈ, ਜਿਸ ਨਾਲ ਵਸਤੂਗਤ ਤੌਰ 'ਤੇ ਪਰਵਾਸੀ ਪੰਜਾਬੀ ਕਹਾਣੀ ਦਾ ਦਾਇਰਾ ਵਸੀਹ ਹੁੰਦਾ ਹੈ।"[1] ਇਸ ਪ੍ਰਕਾਰ ਸੁਰਿੰਦਰ ਗੀਤ ਦੀਆਂ ਕਹਾਣੀਆਂ ਦੇ ਵਿਸ਼ੇ ਉਨ੍ਹਾਂ ਦੇ ਨਿੱਜੀ ਅਨੁਭਵ ਨਾਲ ਜੁੜੇ ਹੋਣ ਕਾਰਨ ਕਈ ਮਹੱਤਵਪੂਰਨ ਪਹਿਲੂਆਂ ਨੂੰ ਦਰਸਾਉਂਦੇ ਹੋਏ ਸਮਾਜ, ਸੱਭਿਆਚਾਰਕ, ਆਰਥਿਕ ਅਤੇ ਰਾਜਸੀ ਵੱਖ-ਵੱਖ ਪਾਸਾਰਾਂ ਨੂੰ ਪੇਸ਼ ਕਰਦੇ ਹਨ।

ਸੁਰਿੰਦਰ ਗੀਤ ਰਚਿਤ ਕਹਾਣੀ ਸੰਗ੍ਰਹਿ 'ਰੰਗਾਂ ਦੀ ਖੇਡ' ਸਰੋਕਾਰਕ ਪੱਖ ਤੋਂ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ। ਇਸ ਵਿੱਚ ਕੈਨੇਡਾ ਵੱਸਦੇ ਪਰਵਾਸੀਆਂ ਦੀ ਜੀਵਨ ਨਾਲ ਸੰਬੰਧਿਤ ਬਹੁਤੇ ਸੰਕਟਾਂ ਜਿਵੇਂ ਨਸਲੀ ਵਿਤਕਰਾ, ਪੂਰਬੀ ਅਤੇ ਪੱਛਮੀ ਸਮਾਜ-ਸੱਭਿਆਚਾਰਾਂ ਵਿਚਲੇ ਟਕਰਾਅ, ਮਨੁੱਖ ਦਾ ਧੌਂਸਮਈ ਸੁਭਾਅ, ਆਰਥਿਕ ਤੰਗੀਆਂ, ਡਾਲਰ ਕਮਾਉਣ ਦੀ ਲਾਲਸਾ, ਬਜ਼ੁਰਗਾ ਪੀੜ੍ਹੀ ਦਾ ਦੁਖਾਂਤ, ਰਿਸ਼ਤਿਆਂ ਵਿੱਚਲੀ ਟੁੱਟ-ਭੱਜ, ਅੰਤਰ ਨਸਲੀ ਮੁਹੱਬਤੀ ਸਾਂਝ, ਪਤੀ-ਪਤਨੀ ਵਿਚਲੇ ਕਲੇਸ਼, ਵਿਦੇਸ਼ਾਂ ਵਿੱਚ ਨਜਾਇਜ਼ ਢੰਗਾਂ ਰਾਹੀਂ ਹੋ ਰਿਹਾ ਪਰਵਾਸ, ਕੰਮ ਵਾਲੀਆਂ ਥਾਵਾਂ 'ਤੇ ਪਰਵਾਸੀਆਂ ਨਾਲ ਵਿਤਕਰੇ ਦੀ ਭਾਵਨਾ ਤੋਂ ਇਲਾਵਾ ਮਾਪਿਆਂ ਦੀ ਵਿਦੇਸ਼ ਗਏ ਬੱਚਿਆਂ ਪ੍ਰਤੀ ਹੇਰਵੇ ਦੀ ਭਾਵਨਾ ਨੂੰ ਪੇਸ਼ ਕੀਤਾ ਗਿਆ ਹੈ। ਡਾ. ਮਹਿਲ ਸਿੰਘ ਅਨੁਸਾਰ, "ਇਹ ਕਹਾਣੀਆਂ ਜੀਵਨ ਦੇ ਸਹਿਜ ਤੇ ਆਮ ਵਰਤਾਰੇ ਵਾਂਗ ਹਨ। ਇਹ ਕਹਾਣੀਆਂ ਗਲਪੀ ਤੋਂ ਵਧੇਰੇ ਵਾਸਤਵਿਕ

ਰੂਪ ਹਨ। ਕਹਾਣੀਆਂ ਦਾ ਅਰਥ ਸੰਚਾਰ, ਸਹਿਜ ਅਤੇ ਸਪਸ਼ਟ ਰੂਪ ਵਾਲਾ ਹੈ। ਇਹ ਕਹਾਣੀਆਂ ਕੈਨੇਡਾ ਵਸੇ ਪੰਜਾਬੀਆਂ ਦੀ ਮਨੋ-ਦਸ਼ਾ ਦੀ ਚੀਰਫਾੜ ਹਨ। ਇਹ ਕਹਾਣੀ-ਸੰਗ੍ਰਹਿ ਨਵੀਂ ਸੱਭਿਅਤਾ ਦੇ ਹਾਣ ਦਾ ਹੋਣ ਲਈ ਸਾਨੂੰ ਆਪਣੇ ਮਨੋ-ਮਸਤਕ ਨੂੰ ਮੁੜ ਸੋਧਣ-ਪ੍ਰਬੋਧਣ ਦੀ ਜੁੰਬਸ਼ ਦਿੰਦਾ ਹੈ।"[2]

'ਰੰਗਾਂ ਦੀ ਖੇਡ' ਸੰਗ੍ਰਹਿ ਵਿੱਚ ਸ਼ਾਮਿਲ ਮਹੱਤਵਪੂਰਨ ਕਹਾਣੀ 'ਰੰਗਾਂ ਦੀ ਖੇਡ' ਹੈ। ਇਸ ਕਹਾਣੀ ਵਿੱਚ ਵੱਖ-ਵੱਖ ਨਸਲਾਂ ਅਤੇ ਰੰਗਾਂ ਦੇ ਲੋਕਾਂ ਨਾਲ ਕੈਨੇਡਾ ਵਿੱਚ ਹੁੰਦੇ ਨਸਲੀ ਵਿਤਕਰੇ ਦੀ ਸਮੱਸਿਆ ਨੂੰ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਬਾਰੇ ਬਲਬੀਰ ਮਾਧੋਪੁਰੀ ਦਾ ਵਿਚਾਰ ਹੈ, "ਕਹਾਣੀ 'ਰੰਗਾਂ ਦੀ ਖੇਡ' ਵਿਚ ਸਰਕਾਰੀ ਦਫ਼ਤਰਾਂ 'ਚ ਮਨੁੱਖੀ ਵਿਤਕਰੇ, ਅੰਦਰਖਾਤੇ ਸਾਜ਼ਿਸ਼ਾਂ ਤੇ ਬੇਇਨਸਾਫ਼ੀ ਵਾਲੇ ਮਾਹੌਲ ਦਾ ਪਰਦਾਫਾਸ਼ ਹੋਇਆ ਹੈ ਕਿ ਗੋਰੇ ਆਪਣੀ ਦਿਮਾਗ਼ੀ ਹੁਸ਼ਿਆਰੀ ਨਾਲ ਏਸ਼ੀਆਈ ਤੇ ਅਮਰੀਕੀ-ਅਫ਼ਰੀਕੀ ਮੂਲ ਦੇ ਪਿਛੋਕੜ ਵਾਲੇ ਮੁਲਾਜ਼ਮਾਂ ਉੱਤੇ ਮਾਨਸਿਕ ਤਸ਼ੱਦਦ ਕਰਦੇ ਹਨ। ਵਿਹਾਰਕ ਤੌਰ ਤੇ ਵੀ ਵਿੱਥ ਬਣਾ ਕੇ ਗੱਲ ਕਰਦੇ ਹਨ।"[3] ਕੈਨੇਡਾ ਵਿੱਚ ਕਾਨੂੰਨੀ ਤੌਰ ਤੇ ਹੋਰ ਦੇਸ਼ਾਂ ਤੋਂ ਆ ਕੇ ਵਸੇ ਪਰਵਾਸੀਆਂ ਨੂੰ ਸੱਭਿਆਚਾਰਕ ਬਰਾਬਰਤਾ ਦਾ ਹੱਕ ਪ੍ਰਾਪਤ ਹੈ। ਦੂਜੇ ਪਾਸੇ ਕੈਨੇਡਾ ਦੇ ਸਥਾਨਕ ਗੋਰੇ ਕੰਮ ਵਾਲੀਆਂ ਜਾਂ ਹੋਰ ਜਨਤਕ ਥਾਵਾਂ ਤੇ ਕਿਤੇ ਨਾ ਕਿਤੇ ਪਰਵਾਸੀਆਂ ਦਾ ਸਰੀਰਕ ਤੇ ਮਾਨਸ਼ਿਕ ਸ਼ੋਸ਼ਣ ਕਰਦੇ ਸਾਹਮਣੇ ਆਉਂਦੇ ਹਨ। ਜਿਵੇ 'ਰੰਗਾਂ ਦੀ ਖੇਡ' ਕਹਾਣੀ ਵਿੱਚ ਪਾਤਰ ਰੈਨਾ ਸਾਂਵਲੇ ਰੰਗ ਦੀ ਲੜਕੀ ਹੈ। ਇਸ ਸਾਂਵਲੇ ਰੰਗ ਕਾਰਨ ਦਫ਼ਤਰ ਵਿੱਚ ਪਾਤਰ ਬਰਿੰਡਾ ਤੇ ਮਾਈਕਲ ਛੋਟੀਆਂ-ਛੋਟੀਆਂ ਗੱਲਾਂ ਤੋਂ ਰੈਨਾ ਦਾ ਵਿਰੋਧ ਕਰਦੇ ਰਹਿੰਦੇ ਹਨ। ਇਸ ਸਥਿਤੀ ਵਿੱਚ ਜਿੱਥੇ ਰੈਨਾ ਦਾ ਮਾਨਸਿਕ ਮਨੋਬਲ ਟੁੱਟਦਾ ਹੈ ਉੱਥੇ ਆਰਥਿਕ ਮਜਬੂਰੀ ਕਾਰਨ ਨੌਕਰੀ ਕਰਦਿਆਂ ਉਸਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਵੀ ਕਰਨਾ ਪੈਦਾ ਹੈ। ਇਸੇ ਸੰਗ੍ਰਹਿ ਵਿੱਚ ਸ਼ਾਮਿਲ ਅਗਲੀ ਕਹਾਣੀ 'ਨੀਵਾਂ ਕੋਣ' ਹੈ। ਇਸ ਕਹਾਣੀ ਵਿੱਚ ਪੂਰਬੀ ਸਮਾਜ-ਸੱਭਿਆਚਾਰ ਨਾਲ ਸੰਬੰਧਿਤ ਲੋਕਾਂ ਦੀ ਧੌਂਸਮਈ ਪ੍ਰਵਿਰਤੀ, ਬਜ਼ੁਰਗਾਂ ਦੀ ਦੁਖਾਂਤਕ ਸਥਿਤੀ ਤੋਂ ਇਲਾਵਾ ਰਿਸ਼ਤਿਆਂ ਵਿਚਲੀ ਆਪਸੀ ਟੁੱਟ-ਭੱਜ ਬਾਰੇ ਚਿਤਰਨ ਕੀਤਾ ਗਿਆ ਹੈ। ਕਹਾਣੀ ਵਿੱਚ ਪਾਤਰ ਬਲਦੇਵ ਆਪਣੇ ਲੜਕੇ ਜ਼ੋਰਾਵਰ ਸਿੰਘ ਕੋਲ ਵਿਜ਼ਟਰ ਵੀਜ਼ੇ ਰਾਹੀਂ ਕੈਨੇਡਾ ਆ ਜਾਂਦਾ ਹੈ। ਪੂਰਬੀ ਸੱਭਿਆਚਾਰ ਦੀਆਂ ਜਗੀਰੂ ਕਦਰਾਂ-ਕੀਮਤਾਂ ਦਾ ਧਾਰਨੀ ਹੋਣ ਕਾਰਨ ਉਹ ਘਰ ਵਿੱਚ ਆਪਣੇ ਨੂੰਹ-ਪੁੱਤ ਦਾ

ਨਿੱਕੀਆਂ-ਨਿੱਕੀਆਂ ਗੱਲਾਂ ਤੋਂ ਵਿਰੋਧ ਕਰਦਾ ਰਹਿੰਦਾ ਹੈ। ਦੂਜੇ ਪਾਸੇ ਜਦ ਜ਼ੋਰਾਵਰ ਸਿੰਘ ਦੀ ਮੌਤ ਹੋ ਜਾਂਦੀ ਹੈ ਤਾਂ ਬਲਦੇਵ ਆਪਣੀ ਨੂੰਹ ਹਰਲੀਨ ਨਾਲ ਝਗੜਾ ਕਰਦਾ ਉਸ ਪਾਸੋਂ ਡਾਲਰਾਂ ਦੀ ਮੰਗ ਕਰਦਾ ਹੈ। ਇਸ ਸਥਿਤੀ ਵਿੱਚ ਦੋਨਾਂ ਧਿਰਾਂ ਵਿਚਲਾ ਆਪਸੀ ਤਕਰਾਰ ਸਹਿਜੇ-ਸਹਿਜੇ ਵਧ ਜਾਂਦਾ ਹੈ। ਜਿਵੇਂ ਕਹਾਣੀ ਵਿਚਲਾ ਕਥਨ ਹੈ, "ਇਸ ਤੋਂ ਪਹਿਲਾਂ ਕਿ ਮੈਂ ਪੁਲੀਸ ਬੁਲਾਵਾਂ...ਆਪਣੇ ਆਪ ਘਰੋਂ ਬਾਹਰ ਹੋ ਜਾਵੋ। ਮੈਂ ਨਹੀਂ ਤੁਹਾਡੇ ਵਰਗੇ ਲੋਕਾਂ ਨਾਲ ਰਹਿ ਸਕਦੀ। ਮੈਂ ਆਪਣੀ ਜ਼ਿੰਦਗੀ ਆਪਣੇ ਢੰਗ ਨਾਲ ਜੀਣਾ ਚਾਹੁੰਦੀ ਹਾਂ।"[4] ਇੱਥੇ ਕਹਾਣੀ ਪੂਰਬੀ ਅਤੇ ਪੱਛਮੀ ਜੀਵਨ ਜਾਚ ਦੇ ਅੰਤਰ ਨੂੰ ਪੇਸ਼ ਕਰਦੀ ਹੈ ਕਿ ਕਿਸ ਤਰ੍ਹਾਂ ਪੱਛਮੀ ਜੀਵਨ ਸ਼ੈਲੀ ਵਧੇਰੇ ਖੁੱਲ੍ਹਾਂ ਨੂੰ ਤਰਜੀਹ ਦਿੰਦੀ ਹੈ ਉੱਥੇ ਪੂਰਬੀ ਜੀਵਨ ਸ਼ੈਲੀ ਬੰਦਸ਼ਾਂ ਭਰਪੂਰ, ਧੌਂਸਮਈ ਅਤੇ ਲਾਲਚੀ ਪ੍ਰਵਿਰਤੀ ਦੀ ਧਾਰਨੀ ਹੈ, ਜਿਸ ਕਾਰਨ ਨੇੜਲੇ ਰਿਸ਼ਤਿਆਂ ਵਿੱਚ ਆਪਸੀ ਤਣਾਅ ਅਤੇ ਟਕਰਾਅ ਦਾ ਮਾਹੌਲ ਬਣਿਆ ਰਹਿੰਦਾ ਹੈ।

ਸੰਗ੍ਰਹਿ ਦੀ ਇੱਕ ਹੋਰ ਅਹਿਮ ਕਹਾਣੀ 'ਟੈਟੂ' ਹੈ। ਇਸ ਵਿੱਚ ਪੂਰਬੀ ਅਤੇ ਪੱਛਮੀ ਸੱਭਿਆਚਾਰ ਨਾਲ ਸੰਬੰਧਿਤ ਮੁੰਡੇ-ਕੁੜੀ ਦੀ ਆਪਸੀ ਮੁਹੱਬਤੀ ਸਾਂਝ ਵਿਚਲੇ ਅੰਤਰ-ਵਿਰੋਧਾਂ ਤੇ ਤਣਾਅ ਨੂੰ ਪੇਸ਼ ਕੀਤਾ ਗਿਆ ਹੈ। ਗੋਰੀ ਪਾਤਰ ਲੀਜਾ ਦੇ ਹਰਨੇਕ ਨਾਲ ਪ੍ਰੇਮ ਸੰਬੰਧ ਹੋਣ ਕਾਰਨ ਉਹ ਉਸ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ। ਉਨ੍ਹਾਂ ਦੋਨਾਂ ਦੀਆਂ ਬਾਹਾਂ 'ਤੇ ਉੱਕਰਿਆ ਸਿੱਖ ਧਰਮ ਨਾਲ ਸੰਬੰਧਿਤ ਖੰਡੇ ਦਾ 'ਟੈਟੂ' ਲੀਜਾ ਅਤੇ ਹਰਨੇਕ ਵਿਚਲੇ ਰਿਸ਼ਤੇ ਨੂੰ ਪੱਕਾ ਕਰਦਾ ਹੈ। ਦੂਜੇ ਪਾਸੇ, ਹਰਨੇਕ ਦੀ ਮਾਂ ਹਰਨੇਕ ਦਾ ਵਿਆਹ ਪੰਜਾਬ ਵਿੱਚ ਕਿਸੇ ਅਮੀਰ ਘਰ ਦੀ ਲੜਕੀ ਨਾਲ ਕਰਨਾ ਚਾਹੁੰਦੀ ਹੈ ਤਾਂ ਕਿ ਵੱਧ ਤੋਂ ਵੱਧ ਦਹੇਜ ਮਿਲ ਸਕੇ। ਇਸ ਲਾਲਚੀ ਪ੍ਰਵਿਰਤੀ ਦਾ ਸ਼ਿਕਾਰ ਹੁੰਦਾ ਪੁੱਤ ਆਪਣੇ ਮਾਪਿਆਂ ਦੇ ਅਨੁਸਾਰੀ ਹੋ ਲੀਜਾ ਨਾਲ ਵਿਆਹ ਕਰਵਾਉਣ ਤੋਂ ਟਾਲ ਮਟੋਲ ਕਰਦਾ ਹੈ। ਜਿਵੇਂ ਕਹਾਣੀ ਵਿਚਲਾ ਕਥਨ ਹੈ, "ਇਕ ਦਿਨ ਮੈਂ ਉਸ ਨਾਲ ਵਿਆਹ ਦੀ ਗੱਲ ਕੀਤੀ ਤਾਂ ਉਹ ਕੁਝ ਹੋਰ ਹੀ ਕਰਨ ਲੱਗ ਪਿਆ ਕਿ ਉਸ ਦੇ ਮੋਢਿਆਂ 'ਤੇ ਬਹੁਤ ਵੱਡੀ ਜ਼ਿੰਮੇਵਾਰੀ ਹੈ। ਉਸ ਨੇ ਯੇਹ ਕਰਨਾ ਹੈ, ਵੋਹ ਕਰਨਾ ਹੈ, ਔਹ ਕਰਨਾ ਹੈ।"[5] ਇਸ ਸਥਿਤੀ ਵਿੱਚ ਲੀਜਾ ਮਾਨਸਿਕ ਪਰੇਸ਼ਾਨੀ ਦਾ ਸ਼ਿਕਾਰ ਹੋ ਹਰਨੇਕ ਨਾਲੋਂ ਰਿਸ਼ਤਾ ਤੋੜ ਲੈਂਦੀ ਹੈ। ਕਹਾਣੀ ਵਿਚਲਾ ਇਹ ਬਿਰਤਾਂਤ ਪਦਾਰਥਵਾਦੀ ਸਮਾਜ ਦੀ ਬੌਣੀ ਸੋਚ ਨੂੰ ਪੇਸ਼ ਕਰਦਾ ਹੈ, ਜਿਸ ਵਿੱਚ ਰਿਸ਼ਤੇ ਮੋਹ ਪਿਆਰ ਦੀ ਜਗ੍ਹਾ ਵਪਾਰੀਕਰਨ ਤਕ ਸੀਮਤ

ਹੋ ਕੇ ਰਹਿ ਗਏ ਹਨ। ਇਸੇ ਤਰ੍ਹਾਂ, 'ਰੰਗਾਂ ਦੀ ਖੇਡ' ਦੀ ਅਗਲੀ ਕਹਾਣੀ 'ਪਰਛਾਵਾਂ' ਵਿੱਚ ਪਤੀ-ਪਤਨੀ ਵਿਚਲੇ ਆਪਸੀ ਤਕਰਾਰ ਦਾ ਬਿਰਤਾਂਤ ਹੈ। ਕਹਾਣੀ ਦਾ ਪਾਤਰ ਹਰਦੇਵ ਕੈਨੇਡਾ ਵਿੱਚ ਆਰਥਿਕ ਪੱਖੋਂ ਸੁਖਾਲਾ ਹੋਣ ਕਾਰਨ ਆਪਣੀ ਪਤਨੀ ਗੁਰਮੀਤ ਨੂੰ ਵੀ ਕੈਨੇਡਾ ਬੁਲਾ ਲੈਂਦਾ ਹੈ। ਪੂਰਬੀ ਸੱਭਿਆਚਾਰ ਦੀ ਜਗੀਰੂ ਸੋਚ ਦਾ ਧਾਰਨੀ ਹੋਣ ਕਾਰਨ ਹਰਦੇਵ ਆਪਣੀ ਪਤਨੀ ਗੁਰਮੀਤ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਤੋਂ ਕਲੇਸ਼ ਕਰਦਾ ਰਹਿੰਦਾ ਹੈ ਤਾਂ ਕਿ ਗੁਰਮੀਤ ਦੇ ਸਹਾਰੇ ਮਾਮੇ ਦੇ ਲੜਕੇ ਨੂੰ ਨਜਾਇਜ਼ ਢੰਗ ਰਾਹੀਂ ਕੈਨੇਡਾ ਸੱਦਿਆ ਜਾ ਸਕੇ। ਦੂਜੇ ਪਾਸੇ ਜਦ ਗੁਰਮੀਤ ਇਸ ਗੱਲ ਦਾ ਵਿਰੋਧ ਕਰਦੀ ਹੈ ਤਾਂ ਹਰਦੇਵ ਗੁਰਮੀਤ ਦਾ ਮਾਨਸਿਕ ਸ਼ੋਸ਼ਣ ਕਰਦਾ ਕੁੱਟ-ਮਾਰ ਤੱਕ ਪਹੁੰਚ ਜਾਂਦਾ ਹੈ। ਜਿਵੇਂ ਕਹਾਣੀ ਵਿਚਲਾ ਕਥਨ ਹੈ, "ਹਰਦੇਵ ਨੇ ਗੁਰਮੀਤ 'ਤੇ ਪਿਸ਼ਾਬ ਕੀਤਾ ਸੀ ਪਰ ਇਸ ਵਾਰ ਉਸ ਨੇ ਫ਼ਰਸ਼ 'ਤੇ ਪਏ ਪਿਸ਼ਾਬ ਨੂੰ ਚੱਟਣ ਲਈ ਆਖ ਦਿੱਤਾ। ਗੁਰਮੀਤ ਨੇ ਰੱਬ ਦਾ ਵਾਸਤਾ ਪਾਇਆ। ਮਿੰਨਤਾਂ ਕੀਤੀਆਂ, ਤਰਲੇ ਪਾਏ ਤੇ ਹਰਦੇਵ ਦੇ ਪੈਰਾਂ 'ਤੇ ਆਪਣਾ ਸਿਰ ਵੀ ਰੱਖ ਦਿੱਤਾ। ਉਹ ਵਾਰ-ਵਾਰ ਉਹਦੇ ਅੱਗੇ ਹੱਥ ਜੋੜ ਰਹੀ ਸੀ।"[6] ਇਸ ਸਥਿਤੀ ਵਿੱਚ ਗੁਰਮੀਤ ਹਰਦੇਵ ਦੇ ਸ਼ੋਸ਼ਣ ਤੋਂ ਤੰਗ ਹੋ ਵੱਖ ਹੋ ਜਾਂਦੀ ਹੈ। ਜੇਕਰ ਦੇਖਿਆ ਜਾਵੇ ਤਾਂ ਕਾਨੂੰਨੀ ਤੌਰ ਤੇ ਬੇਸ਼ੱਕ ਔਰਤ-ਮਰਦ ਨੂੰ ਬਰਾਬਰਤਾ ਹਾਸਲ ਹੈ ਪਰੰਤੂ ਪੂਰਬੀ ਸੱਭਿਆਚਾਰ ਦੀ ਧਾਰਨੀ ਜਗੀਰੂ ਸੋਚ ਅਤੇ ਮਰਦ ਦੀ ਧੌਂਸਮਈ ਪ੍ਰਵਿਰਤੀ ਔਰਤ ਨੂੰ ਦਬਾਅ ਹੇਠ ਰੱਖਣਾ ਚਾਹੁੰਦੀ ਹੈ, ਜਿਸ ਕਾਰਨ ਦੰਪਤੀ ਕਲੇਸ਼ ਪਰਿਵਾਰਕ ਵਖਰੇਵਿਆਂ ਦਾ ਕਾਰਨ ਬਣਦੇ ਹਨ। ਇਸੇ ਤਰ੍ਹਾਂ ਕਹਾਣੀ 'ਕੀ ਕਦੇ ਏਦਾਂ ਵੀ' ਵਿੱਚ ਕੈਨੇਡਾ ਵਿੱਚ ਕੰਮ ਕਰਨ ਵਾਲੀਆਂ ਥਾਵਾਂ ਤੇ ਪਰਵਾਸੀਆਂ ਨਾਲ ਹੁੰਦੇ ਸ਼ੋਸ਼ਣ ਅਤੇ ਈਰਖਾ ਬਾਰੇ ਚਿਤਰਨ ਕੀਤਾ ਗਿਆ ਹੈ। ਕਹਾਣੀ ਵਿੱਚ ਪਾਤਰ ਕ੍ਰਿਸ਼ਨਾ ਆਪਣੇ ਸੁਪਰਵਾਈਜ਼ਰ ਜਿਮ ਨੂੰ ਕੰਪਨੀ ਦੇ ਵਰਕਲੋਡ ਬਾਰੇ ਜਾਣਕਾਰੀ ਦਿੰਦਾ ਹੈ। ਇਸ ਗੱਲ ਨੂੰ ਲੈ ਕੇ ਪਾਤਰ ਜਿਮ ਕ੍ਰਿਸ਼ਨਾ ਦਾ ਵਿਰੋਧ ਕਰਦਾ ਹੈ, ਜਿਸ ਕਾਰਨ ਕ੍ਰਿਸ਼ਨਾ ਨੂੰ ਆਰਥਿਕ ਅਤੇ ਮਾਨਸਿਕ ਤੌਰ ਤੇ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸੰਗ੍ਰਹਿ ਵਿੱਚ ਸ਼ਾਮਿਲ ਇਕ ਹੋਰ ਕਹਾਣੀ 'ਪਾਪਾ...ਮੁਆਫ਼ ਕਰ ਦੇਵੋ' ਵਿਸ਼ੇਸ਼ ਚਰਚਾ ਦੀ ਧਾਰਨੀ ਹੈ। ਇਹ ਮਨੁੱਖੀ ਰਿਸ਼ਤਿਆਂ ਵਿਚਲੀ ਆਪਸੀ ਸਾਂਝ ਅਤੇ ਕੁੜੱਤਣ ਦੇ ਕਈ ਪਾਸਾਰਾਂ ਨੂੰ ਦਰਸਾਉਂਦੀ ਹੈ। ਕਹਾਣੀ ਵਿੱਚ ਬੱਚਿਆਂ ਦੇ ਵਿਦੇਸ਼ ਜਾਣ ਕਾਰਨ ਮਾਪਿਆਂ ਅਤੇ ਬੱਚਿਆਂ ਵਿੱਚ ਉਤਪੰਨ ਹੋਈ ਉਦਰੇਵੇਂ ਦੀ ਭਾਵਨਾ ਤੋਂ ਇਲਾਵਾ ਦੰਪਤੀ

ਜੀਵਨ ਦੇ ਆਪਸੀ ਤਣਾਅ ਅਤੇ ਟਕਰਾਅ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ ਦੀ ਮੁੱਖ ਪਾਤਰ ਸਿਮਰ ਕੈਨੇਡਾ ਆ ਆਪਣੀ ਭੂਆ ਦੇ ਘਰ ਦੀ ਬੇਸਮੈਂਟ ਕਰਾਏ 'ਤੇ ਲੈ ਕੇ ਰਹਿਣ ਲੱਗ ਜਾਂਦੀ ਹੈ। ਭੂਆ ਦੀ ਮਾਨਸਿਕਤਾ ਰਿਸ਼ਤਿਆਂ ਨਾਲੋਂ ਜ਼ਿਆਦਾ ਡਾਲਰਾਂ ਨੂੰ ਤਰਜੀਹ ਦਿੰਦੀ ਹੈ, ਜਿਸ ਕਾਰਨ ਰਿਸ਼ਤਿਆਂ ਵਿਚਲੀ ਨਿੱਘ ਖ਼ਤਮ ਹੁੰਦੀ ਜਾਪਦੀ ਹੈ। ਇਸੇ ਤਰ੍ਹਾਂ, ਪਾਤਰ ਸਿਮਰ ਦੀ ਮੀਤੇ ਨਾਲ ਮੁਹੱਬਤੀ ਸਾਂਝ ਹੋਣ ਕਾਰਨ ਉਹ ਉਸ ਨਾਲ ਵਿਆਹ ਕਰਵਾ ਲੈਂਦੀ ਹੈ। ਦੂਜੇ ਪਾਸੇ, ਮੀਤੇ ਦੀ ਮਾਂ ਸਿਮਰ ਨੂੰ ਭਾਪਿਆਂ ਦੀ ਕੁੜੀ ਕਹਿ ਕੇ ਨਕਾਰਦੀ ਹੋਈ ਆਪਣੇ ਪੁੱਤਰ ਦਾ ਵਿਆਹ ਕਿਤੇ ਹੋਰ ਕਰਨਾ ਚਾਹੁੰਦੀ ਹੈ ਤੇ ਮੀਤਾ ਵੀ ਉਸ ਦੇ ਅਨੁਸਾਰੀ ਹੋ ਜਾਂਦਾ ਹੈ। ਇਸ ਪ੍ਰਕਾਰ, ਕਹਾਣੀ ਵਿਚਲਾ ਬਿਰਤਾਂਤ ਰਿਸ਼ਤਿਆਂ ਵਿੱਚ ਸਵਾਰਥ ਅਤੇ ਜਾਤੀ ਵਿਤਕਰੇ ਦੀ ਭਾਵਨਾ ਨੂੰ ਬੜੀ ਡੂੰਘਾਈ ਨਾਲ ਪੇਸ਼ ਕਰਦਾ ਹੈ।

ਉਪਰੋਕਤ ਚਰਚਾ ਨੂੰ ਸਮੇਟਦੇ ਹੋਏ ਕਿਹਾ ਜਾ ਸਕਦਾ ਹੈ ਕਿ ਸੰਗ੍ਰਹਿ 'ਰੰਗਾਂ ਦੀ ਖੇਡ' ਵਿੱਚ ਪਰਵਾਸੀ ਜੀਵਨ ਨਾਲ ਸੰਬੰਧਿਤ ਸੰਕਟਾਂ ਜਿਵੇਂ ਨਸਲੀ ਵਿਤਕਰੇ, ਸਮਾਜ-ਸੱਭਿਆਚਾਰਕ ਅੰਤਰ, ਮਨੁੱਖ ਦੀ ਧੌਂਸਮਈ ਪ੍ਰਵਿਰਤੀ, ਆਰਥਿਕ ਤੰਗੀਆਂ, ਬਜ਼ੁਰਗਾਂ ਦੇ ਦੁਖਾਂਤ, ਰਿਸ਼ਤਿਆਂ ਵਿੱਚ ਉਤਪੰਨ ਹੋਈ ਤਰੇੜ, ਦੰਪਤੀ ਸੰਬੰਧਾਂ ਵਿੱਚ ਪੈਦਾ ਹੋਇਆ ਤਣਾਅ ਅਤੇ ਟਕਰਾਅ, ਪਰਵਾਸ ਧਾਰਨ ਲਈ ਵਰਤੇ ਜਾਂਦੇ ਨਜਾਇਜ਼ ਢੰਗ, ਪਰਵਾਸੀਆਂ ਨਾਲ ਵਿਤਕਰੇ ਦੀ ਭਾਵਨਾ ਤੋਂ ਇਲਾਵਾ ਵਿਦੇਸ਼ ਵੱਸਦੇ ਬੱਚਿਆਂ ਪ੍ਰਤੀ ਮਾਪਿਆਂ ਦਾ ਮੋਹ ਅਤੇ ਹੇਰਵੇ ਨੂੰ ਬੜੇ ਡੂੰਘੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਦੇ ਵੱਖ-ਵੱਖ ਪਾਸਾਰ ਮਨੁੱਖੀ ਜੀਵਨ ਸ਼ੈਲੀ ਦੀ ਅਸਲ ਤਸਵੀਰ ਨੂੰ ਦਰਸਾਉਂਦੇ ਹੋਏ ਪਰਵਾਸੀ ਜੀਵਨ ਬਾਰੇ ਚਿਤਰਨ ਕਰਦੇ ਹਨ।

**ਹਵਾਲੇ ਟਿੱਪਣੀਆਂ**

---

1. ਡਾ. ਸਰਬਜੀਤ ਸਿੰਘ, 'ਭਾਵਨਾਵਾਂ ਦਾ ਤਰਲ ਬਿਰਤਾਂਤ : ਰੰਗਾਂ ਦੀ ਖੇਡ', ਸੁਰਿੰਦਰ ਗੀਤ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2025, ਪੰਨਾ-7

2. ਡਾ. ਮਹਿਲ ਸਿੰਘ, 'ਪ੍ਰਵੇਸ਼ਕਾ', ਸੁਰਿੰਦਰ ਗੀਤ, ਰੰਗਾਂ ਦੀ ਖੇਡ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2025, ਪੰਨਾ-13

3. ਬਲਬੀਰ ਮਾਧੋਪੁਰੀ, 'ਸਮਾਜਿਕ ਸਰੋਕਾਰਾਂ ਵਾਲੇ ਬਿਰਤਾਂਤ ਨਾਲ ਸੰਵਾਦ', ਸੁਰਿੰਦਰ ਗੀਤ, ਰੰਗਾਂ ਦੀ ਖੇਡ, ਨਵਾਂ ਜ਼ਮਾਨਾ, ਜਲੰਧਰ, 7 ਸਤੰਬਰ 2025, ਪੰਨਾ-3

4. ਸੁਰਿੰਦਰ ਗੀਤ, ਰੰਗਾਂ ਦੀ ਖੇਡ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2025, ਪੰਨਾ-26

5. ਉਹੀ, ਪੰਨਾ-43

6. ਉਹੀ, ਪੰਨਾ-58